

# ਮੋਗਾ ਖਬਰਨਾਮਾ

## ਮਾਣਯੋਗ ਡਿਪਟੀ ਕਮਿਸ਼ਨਰ ਕੁਲਦੀਪ ਸਿੰਘ ਵੈਦ ਨੇ ਮੇਰਾ ਮੋਗਾ ਮੋਬਾਇਲ ਐਪ ਅਤੇ ਆਪਣਾ ਸੋਹਣਾ ਪੰਜਾਬ ਵੈਬਸਾਈਟ ਲਾਂਚ ਕੀਤੀ



**ਮੋਗਾ - ਜਸਵੀਰ ਸਿੰਘ ਲੋਹਾਰਾ** - ਆਪਣੀ ਕਿਸਮ ਦਾ ਨਿਵੇਕਲਾ ਮਾਤ ਭਾਸ਼ਾ ਪੰਜਾਬੀ ਵਿੱਚ ਮੇਰਾ ਮੋਗਾ ਮੋਬਾਇਲ ਐਪ ਅਤੇ ਆਪਣਾ ਸੋਹਣਾ ਪੰਜਾਬ ਵੈਬਸਾਈਟ ਵਿਦਿਆਰਥੀਆਂ ਦੇ ਕਰੀਅਰ ਨੂੰ ਰੁਸ਼ਨਾਉਣ ਅਤੇ ਆਮ ਆਦਮੀ ਨੂੰ ਲੋੜੀਂਦੀ ਸੂਚਨਾ ਦੇ ਕੇ ਸਮਾਜ ਵਿੱਚ ਵੱਡਾ ਰੋਲ ਅਦਾ ਕਰੇਗਾ, ਇਹ ਸ਼ਬਦ ਮੁੱਖ ਮਹਿਮਾਨ ਮਾਣਯੋਗ ਡਿਪਟੀ ਕਮਿਸ਼ਨਰ ਮੋਗਾ ਸ. ਕੁਲਦੀਪ ਸਿੰਘ ਵੈਦ ਆਈ.ਏ.ਐਸ ਨੇ ਆਈ ਐਸ.ਐਫ. ਕਾਲਜ ਆਫ ਫਾਰਮੇਸੀ ਦੇ ਆਡੀਟੋਰੀਅਮ ਵਿੱਚ 4 ਅਗਸਤ 2016 ਨੂੰ ਇਹ ਮੋਬਾਇਲ ਐਪ ਅਤੇ ਵੈਬਸਾਈਟ ਲਾਂਚਿੰਗ ਸਮਾਰੋਹ ਦੌਰਾਨ ਕਹੇ। ਉਹਨਾਂ ਆਪਣਾ ਸੋਹਣਾ ਪੰਜਾਬ ਟੀਮ ਦੇ ਮੈਨੇਜਿੰਗ ਡਾਇਰੈਕਟਰ ਸ਼ਕਤੀ ਕੁਮਾਰ ਅਤੇ ਟੀਮ ਮੈਨੇਜਰ ਕਮਲਪ੍ਰੀਤ ਕੋਰ ਨੂੰ ਵਧਾਈ ਦਿੰਦਿਆ ਕਿਹਾ ਕਿ ਉਹਨਾਂ ਨੇ ਪੰਜਾਬੀ ਵਿੱਚ ਇਹ ਸੋਸ਼ਲ ਮੀਡੀਆ ਪ੍ਰੋਜੈਕਟ ਬਣਾ ਕੇ ਇੱਕ ਸਲ੍ਹਾਘਾਯੋਗ ਕੰਮ ਕੀਤਾ ਹੈ। ਪੂਰੇ ਪੰਜਾਬ ਵਿੱਚ ਹੋਰ ਕਿਸੇ ਜ਼ਿਲ੍ਹੇ ਵਿੱਚ ਅਜਿਹਾ ਕੋਈ ਪ੍ਰਜੈਕਟ ਨਹੀਂ ਹੈ। ਇਹ ਪ੍ਰੋਜੈਕਟ ਸਰਕਾਰ ਅਤੇ ਲੋਕਾਂ ਵਿਚਕਾਰ ਇੱਕ ਕੜੀ ਦਾ ਕੰਮ ਕਰੇਗਾ। ਪੰਜਾਬੀ ਵਿੱਚ ਹੋਣ ਕਰਕੇ ਆਮ ਆਦਮੀ ਵੀ ਇਸ ਐਪ ਰਾਹੀ ਸੂਚਨਾਵਾਂ ਪ੍ਰਾਪਤ ਕਰ ਫਾਇਦਾ ਉਠਾ ਸਕੇਗਾ। ਇਸ ਪ੍ਰੋਗਰਾਮ ਦੋਰਾਨ ਸ਼੍ਰੀ ਵਿਨੀਤ ਨਾਰੰਗ ਚੀਫ ਜੁਡੀਸ਼ੀਅਲ ਮਜਿਸਟ੍ਰੇਟ ਮੋਗਾ, ਸ਼੍ਰੀ ਪਰੇਸ਼ ਗਰਗ ਪੀ.ਸੀ.ਐਸ, ਸ੍ਰੀ ਰਜਨੀਸ਼ ਅਰੋੜਾ ਪੀ.ਸੀ.ਐਸ, ਸ. ਨਵਜੀਤ ਸਿੰਘ, ਈ.ਟੀ.ਓ ਲੁਧਿਆਣਾ, ਸ. ਬਲਦੇਵ ਸਿੰਘ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮੋਗਾ, ਸ. ਹਰਪਾਲ ਸਿੰਘ ਜਿਲਾ ਭਲਾਈ ਅਫਸਰ ਮੋਗਾ ਅਤੇ ਸ. ਜਸਪਾਲ ਸਿੰਘ ਜਿਲ੍ਹਾ ਸਿੱਖਿਆ ਅਫਸਰ (ਐਲੀ.ਸਿ) ਮੋਗਾ, ਸ਼੍ਰੀ ਪ੍ਰਵੀਨ ਗਰਗ, ਚੇਅਰਮੈਨ ਆਈ.ਐਸ.ਐਫ ਕਾਲਜ ਆਫ ਫਾਰਮੇਸੀ, ਸ਼੍ਰੀ ਐਸ.ਕੇ. ਬਾਂਸਲ, ਜਿਲ੍ਹਾ ਕੋ ਆਰਡੀਨੇਟਰ ਐਨ.ਜੀ.ਓ ਮੋਗਾ ਅਤੇ ਸ਼੍ਰੀ ਅਸ਼ੀਸ਼ ਬਾਲਦੀ, ਪ੍ਰਿੰਸੀਪਲ ਆਈ ਐਸ.ਐਫ.ਕਾਲਜ ਵਿਸ਼ੇਸ਼ ਮਹਿਮਾਨ ਵਜੋਂ ਉਪਸਥਿਤ ਸਨ।

ਪ੍ਰੋਗਰਾਮ ਦੌਰਾਨ ਏ.ਐਸ.ਪੀ ਟੀਮ ਨੇ ਪੂਰੇ ਪ੍ਰੋਜੈਕਟ ਦੀ ਪਾਵਰ ਪੁਆਇਟ ਪ੍ਰੈਜਟਟੇਸ਼ਨ ਦਿਖਾ ਕੇ ਦੱਸਿਆ ਕਿ ਇਹ ਐਪ ਅਤੇ ਵੈਬਸਾਈਟ ਕੋਈ ਐਂਟਰਟੇਨਮੈਂਟ ਵਾਲਾ ਜਾਂ ਫੋਟੋ ਸ਼ੇਅਰ ਕਰਨ ਵਾਲਾ ਨਹੀਂ ਹੋਵੇਗਾ ਸਗੋਂ ਸੋਸ਼ਲ, ਇਨਫਰਮੇਟਿਵ ਅਤੇ ਅਕਾਦਮਿਕ ਸ਼੍ਰੇਣੀ ਦਾ ਹੋਵੇਗਾ, ਜੋ ਆਮ ਜਨਤਾ ਵਿਸ਼ੇਸ਼ ਕਰਕੇ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਲਾਭਦਾਇਕ ਹੋਵੇਗਾ। ਇਹ ਇੱਕ ਐਂਡਰੋਇਡ ਐਪਲੀਕੇਸ਼ਨ ਹੈ ਜਿਸ ਵਿੱਚ 6 ਕੈਟਾਗਰੀਆ ਜਿਵੇਂ ਰੋਜ਼ਾਨਾ ਗੈਲਰੀ, ਵਿਦਿਆਰਥੀ, ਬਜ਼ਾਰ, ਲੋਕਲ ਸੇਵਾਵਾਂ, ਆਨ ਲਾਈਨ ਸੇਵਾਵਾਂ ਅਤੇ ਸਰਕਾਰ ਹਨ। ਇਸ ਪ੍ਰੋਜੈਕਟ ਵਿੱਚ ਮੋਗਾ, ਧਰਮਕੋਟ, ਕੋਟ ਈਸੇ ਖਾਂ, ਫਤਿਹਗੜ੍ਹ ਪੰਜਤੂਰ, ਬੱਧਨੀ ਕਲਾਂ, ਅਜੀਤਵਾਲ, ਬਾਘਾ ਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਦਾ ਡਾਟਾ ਪਾਇਆ ਗਿਆ ਹੈ।

ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਡਾ. ਬਲਦੇਵ ਸਿੰਘ ਨੇ ਇਸ ਪ੍ਰੋਜੈਕਟ ਦੀ ਮਹੱਤਤਾ ਦੱਸਦਿਆ ਹੋਇਆ ਕਿਹ ਕਿ ਇਹ ਪ੍ਰੋਜੈਕਟ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਇੱਕ ਚੰਗਾ ਮਿੱਤਰ ਸਾਬਿਤ ਹੋਵੇਗੀ। ਮਾਤ ਭਾਸ਼ਾ ਪੰਜਾਬੀ ਵਿੱਚ ਰਿਸਰਚ ਪੇਪਰ ਹੋਣ ਕਾਰਨ ਵਿਦਿਆਰਥੀਆਂ ਨੂੰ ਸਹੀ ਅਤੇ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਸਕੇਗੀ, ਜਿਸ ਆਪਣੇ ਆਪ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰ ਸਕਣਗੇ।

ਇਸ ਸਮਾਰੋਹ ਦੌਰਾਨ ਇੱਕ ਰੰਗਾਰੰਗ ਪ੍ਰੋਗਰਾਮ ਵੀ ਕਰਵਾਇਆ ਗਿਆ, ਜਿਸ ਵਿੱਚ ਦਸ਼ਮੇਸ਼ ਪਬਲਿਕ ਸਕੂਲ ਕੋਟ ਈਸੇ ਖਾਂ, ਸ੍ਰੀ ਹੇਮਕੁੰਟ ਸੰਸਥਾਵਾਂ ਕੋਟ ਈਸੇ ਖਾਂ ਅਤੇ ਪਾਥਵੇਅਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ ਆਈਟਮਾਂ ਪੇਸ਼ ਕਰਕੇ ਦਰਸ਼ਕਾਂ ਤੋਂ ਵਾਹ ਵਾਹ ਖੱਟੀ। ਜਦੋਂ ਕਿ ਐਸ.ਆਰ.ਐਮ. ਆਕਲੈਂਡ ਗ੍ਰਾਮਰ ਸਕੂਲ ਫਤਿਹਗੜ੍ਹ ਪੰਜਤੂਰ ਦੀਆਂ ਵਿਦਿਆਰਥਣਾਂ ਆਵੰਤਿਕਾ ਸ਼ਰਮਾ ਅਤੇ ਕੋਮਲ ਬਾਂਸਲ ਨੇ ਸਟੇਜ ਸੰਚਾਲਨ ਕੀਤਾ।

ਸਮਾਗਮ ਦੌਰਾਨ ਮੋਗਾ ਅਤੇ ਮੋਗਾ ਜ਼ਿਲ੍ਹੇ ਨਾਲ ਸਬੰਧਿਤ ਕਈ ਸਮਾਜ ਸੇਵੀ ਸੰਸਥਾਵਾਂ, ਇਸ ਪ੍ਰੋਜੈਕਟ ਦੇ ਸਪਾਂਸਰ, ਲੇਖਕ, ਅਧਿਆਪਕ ਅਤੇ ਕਈ ਪ੍ਰਮੁੱਖ ਸਖਸ਼ੀਅਤਾਂ ਜਿਵੇਂ ਸ੍ਰੀ ਨਸੀਬ ਬਾਵਾ, ਪ੍ਰਧਾਨ ਬਾਰ ਕਾਊਂਸਲ ਮੋਗਾ, ਐਡਵੋਕੇਟ ਗੁਰਦੀਸ਼ ਸਿੰਘ ਖੋਸਾ, ਸ੍ਰੀ ਵੇਦ ਵਿਆਸ ਕਾਂਸਲ, ਸ੍ਰੀ ਐਮ. ਆਰ ਗੋਇਲ, ਸ਼੍ਰੀ ਗੁਰਸੇਵਕ ਸਿੰਘ ਸੰਨਿਆਸੀ, ਸ਼੍ਰੀ ਸਚਿਨ ਗੋਇਲ, ਸ਼੍ਰੀ ਰਾਜੀਵ ਬਾਂਸਲ ਵੀ ਉਪਸਥਿਤ ਸਨ।

## ਮਹਿਕ ਵਤਨ ਦੀ ਲਾਈਵ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਕੈਨੇਡਾ ਦੇ ਟੂਰ ਤੇ

### ਫੱਕਰ ਬਾਬਾ ਦਾਮੂੰ ਸ਼ਾਹ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਚਮਕੌਰ ਸਿੰਘ ਸੰਘਾ ਅਤੇ ਬਾਬਾ ਗੁਰਦੀਪ ਸਿੰਘ ਖੋਸਾ ਕੋਟਲਾ ਵੱਲੋਂ ਨਿੱਘੀ ਵਿਦਾਇਗੀ





**ਮੋਗਾ - ਜਗਰਾਜ ਲੋਹਾਰਾ**

ਪੰਜਾਬੀ ਜਰਨਲਿਸਟ ਅਤੇ ਅੰਤਰ-ਰਾਸ਼ਟਰੀ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਬੀਤੇ ਦਿਨੀ ਕੈਨੇਡਾ ਦੇ ਟੂਰ ਲਈ ਰਵਾਨਾ ਹੋਏ। ਜਿਨ੍ਹਾਂ ਨੂੰ ਫੱਕਰ ਬਾਬਾ ਦਾਮੂੰ ਸ਼ਾਹ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਚਮਕੌਰ ਸਿੰਘ ਸੰਘਾ ਵੱਲੋਂ ਬਾਬਾ ਦੀ ਪਵਿੱਤਰ ਮਜਾਰ ਤੋਂ ਅਤੇ ਬਾਬਾ ਗੁਰਦੀਪ ਸਿੰਘ ਡੇਮਰੂ ਖੁਰਦ ਵਾਲਿਆਂ ਵੱਲੋਂ ਪੁਰਬਾ ਨਿਵਾਸ, ਮੋਗਾ ਤੋਂ ਨਿੱਘੀ ਵਿਦਾਇਗੀ ਦਿੱਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ 'ਮਹਿਕ ਵਤਨ ਦੀ ਲਾਈਵ' ਦੇ ਧਾਰਮਿਕ ਸੰਪਾਦਕ ਢਾਡੀ ਸਾਧੂ ਸਿੰਘ ਧੰਮੂ ਨੇ ਦੱਸਿਆ ਕਿ ਪੰਜਾਬੀ ਜਰਨਲਿਸਟ ਅਤੇ ਅੰਤਰ-ਰਾਸ਼ਟਰੀ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ 'ਮਹਿਕ ਵਤਨ ਦੀ ਲਾਈਵ' ਪੇਪਰ ਦੀ ਪ੍ਰਮੋਸ਼ਨ ਵਾਸਤੇ ਕੈਨੇਡਾ ਦੇ ਟੂਰ ਲਈ ਰਵਾਨਾ ਹੋਏ। ਇਸ ਸਬੰਧ ਵਿੱਚ ਭਵਨਦੀਪ ਸਿੰਘ ਪੁਰਬਾ ਨੂੰ ਫੱਕਰ ਬਾਬਾ ਦਾਮੂੰ ਸ਼ਾਹ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਚਮਕੌਰ ਸਿੰਘ ਸੰਘਾ ਅਤੇ ਬਰਤਨਾਂ ਦੇ ਸੇਵਾਦਾਰਾ ਵੱਲੋਂ ਫੱਕਰ ਬਾਬਾ ਦਾਮੂੰ ਸ਼ਾਹ ਜੀ ਦੀ ਪਵਿੱਤਰ ਮਜਾਰ ਤੋਂ ਵਿਸ਼ੇਸ਼ ਸਨਮਾਨ ਦੇ ਕੇ ਨਿੱਘੀ ਵਿਦਾਇਗੀ ਦਿੱਤੀ ਗਈ। ਭਵਨਦੀਪ ਸਿੰਘ ਪੁਰਬਾ ਦੇ ਕੇਨੈਡਾ ਦੇ ਟੂਰ ਲਈ ਰਵਾਨਾ ਹੋਣ ਦੇ ਸਬੰਧ ਵਿੱਚ ਰੱਖੇ ਗਏ ਇਸ ਸਨਮਾਨ ਸਮਾਰੋਹ ਮੌਕੇ ਸ. ਚਮਕੋਰ ਸਿੰਘ ਸੰਘਾ, ਜਗਰਾਜ ਸਿੰਘ ਗਿੱਲ, ਗੁਰਪ੍ਰੀਤ ਗੋਪੀ, ਵਿੱਕੀ, ਗਰਤੇਜ ਜੱਸ, ਕੁਲਵੰਤ ਕਲੇਰ, ਹਰਭਜਨ, ਬੇਅੰਤ ਸਿੰਘ, ਸੁਖਜਿੰਦਰ ਸਿੰਘ ਮੰਨਾ, ਜੀਵਨ ਗਿੱਲ, ਸੁਖਵਿੰਦਰ ਸੰਘਾ, ਜਸਪਾਲ ਸਿੰਘ ਮਠਾੜੂ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

ਇਸੇ ਸਬੰਧ ਵਿੱਚ ਭਵਨਦੀਪ ਸਿੰਘ ਪੁਰਬਾ ਨੂੰ ਬਾਬਾ ਗੁਰਦੀਪ ਸਿੰਘ ਡੇਮਰੂ ਖੁਰਦ ਵਾਲਿਆਂ ਵੱਲੋਂ ਪੁਰਬਾ ਨਿਵਾਸ, ਮੋਗਾ ਵਿਖੇ ਨਿੱਘੀ ਵਿਦਾਇਗੀ ਦਿੱਤੀ ਗਈ, ਜਿਥੇ ਬਾਬਾ ਗੁਰਦੀਪ ਸਿੰਘ ਡੇਮਰੂ ਖੁਰਦ ਵਾਲਿਆਂ ਤੋਂ ਇਲਾਵਾ ਬਾਬਾ ਜਸਵੀਰ ਸਿੰਘ ਲੋਹਾਰਾ, ਸ. ਗੁਰਮੇਲ ਸਿੰਘ ਪੁਰਬਾ, ਸ੍ਰੀਮਤੀ ਕਰਮਜੀਤ ਕੌਰ, ਮੈਡਮ ਭਾਗਵੰਤੀ ਪੁਰਬਾ, ਏਕਮਜੋਤ ਸਿੰਘ ਪੁਰਬਾ, ਬੇਬੀ ਉਮੰਗਦੀਪ ਕੌਰ ਪੁਰਬਾ, ਕਮਲਜੀਤ ਸਿੰਘ, ਪੁਸ਼ਪਿੰਦਰ ਕੌਰ, ਸਿਮਰਜੋਤ ਸਿੰਘ, ਬਲਸ਼ਰਨ ਸਿੰਘ, ਅਮਨਦੀਪ ਕੌਰ ਆਦਿ ਹੋਰ ਕਈ ਪਤਵੰਤੇ ਮੁੱਖ ਤੌਰ 'ਤੇ ਹਾਜ਼ਰ ਸਨ।



ਭਵਨਦੀਪ ਸਿੰਘ ਪੁਰਬਾ ਨੂੰ ਨਿੱਘੀ ਵਿਦਾਇਗੀ ਦਿੰਦੇ ਹੋਏ ਪ੍ਰੀਵਾਰਕ ਮੈਂਬਰ।

## ਸ਼੍ਰੀਮਤੀ ਨਿਰਮਲ ਕਾਂਤਾ, ਸੇਵਾਦਾਰ ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ ਮੋਗਾ ਸੇਵਾ-ਮੁਕਤ



**ਮੋਗਾ- ਇਕਬਾਲ ਖੋਸਾ**

ਸ਼੍ਰੀਮਤੀ ਨਿਰਮਲ ਕਾਂਤਾ, ਸੇਵਾਦਾਰ ਦੇ ਪਦ ਤੋਂ ਆਪਣੀ ਸਰਵਿਸ਼ ਪੂਰੀ ਕਰਕੇ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ 2 ਸਾਲ ਦਾ ਵਾਧਾ ਲੈਣ ਉਪਰੰਤ ਸੇਵਾ-ਮੁਕਤ ਹੋ ਗਏ ਹਨ।

ਇਹ ਜਾਣਕਾਰੀ ਏ.ਪੀ.ਆਰ.ਓ ਲੁਧਿਆਣਾ (ਵਾਧੂ ਚਾਰਜ ਮੋਗਾ) ਸ਼੍ਰੀ ਪੁਨੀਤ ਪਾਲ ਸਿੰਘ ਗਿੱਲ ਨੇ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੀਮਤੀ ਨਿਰਮਲ ਕਾਂਤਾ ਨੇ ਆਪਣੀ ਨੌਕਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਈ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਉਨ੍ਹਾਂ ਨੂੰ ਕਿਸੇ ਕੰਮ ਲਈ ਕਿਹਾ ਜਾਂਦਾ ਸੀ, ਉਨ੍ਹਾਂ ਦੇ ਮੱਥਿਵੱਟ ਮੈਂ ਕਦੇ ਵੀ ਨਹੀਂ ਦੇਖਿਆ।

ਸ਼੍ਰੀ ਤੇਜਾ ਸਿੰਘ ਜਿਲ੍ਹਾ ਲੋਕ ਸੰਪਰਕ ਅਫਸਰ ਮੋਗਾ ਨੇ ਛੁੱਟੀ ਤੇ ਹੋਣ ਉਪਰੰਤ ਵੀ ਸ਼੍ਰੀਮਤੀ ਨਿਰਮਲ ਕਾਂਤਾ ਨੂੰ ਉਨ੍ਹਾਂ ਦੀ ਵਿਦਾਇਗੀ ਤੇ ਵਧਾਈ ਦਿੰਦਿਆਂ ਸਰਵਿਸ ਦੌਰਾਨ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸ਼੍ਰੀਮਤੀ ਨਿਰਮਲ ਕਾਂਤਾ ਦਾ ਆਪਣੇ ਸਟਾਫ ਨਾਲ ਵੀ ਬਹੁਤ ਹੀ ਵਧੀਆ ਰਵੱਈਆ ਸੀ। ਸ਼੍ਰੀ ਤੇਜਾ ਸਿੰਘ ਨੇ ਸ੍ਰ. ਨਿਰਮਲ ਕਾਂਤਾ ਦੀ ਲੰਮੀ ਉਮਰ ਦੀ ਕਾਮਨਾ ਵੀ ਕੀਤੀ। ਸਮੂਹ ਸਟਾਫ ਵੱਲੋਂ ਉਨ੍ਹਾਂ ਨੂ ਯਾਦਗਾਰੀ ਤੋਹਫਾ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ਼੍ਰੀ ਸੁਰਿੰਦਰ ਕੁਮਾਰ ਸੀਨੀਅਰ ਸਹਾਇਕ, ਸ਼੍ਰੀ ਨੱਥੂ ਰਾਮ ਕਲਰਕ, ਸੁਖਜੀਤ ਸਿੰਘ, ਡੀ.ਪੀ.ਏ ਅਤੇ ਹਰਪ੍ਰੀਤ ਸਿੰਘ ਸੇਵਾਦਾਰ ਵੀ ਹਾਜ਼ਰ ਸਨ।

## ਸਾਨੂੰ ਦੇਸ਼ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦੈ - ਅਨਿਲ ਮਾਧਵ ਦਬੇ



**ਮੋਗਾ/ ਜਸਵੀਰ ਪੁੜੈਣ**

ਸਾਨੂੰ ਦੇਸ਼ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਨੌਜਵਾਨ ਵਰਗ ਨੂੰ ਦੇਸ਼ ਦੇ ਨਵ-ਨਿਰਮਾਣ 'ਚ ਅੱਗੇ ਹੋ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਇਹ ਪ੍ਰਗਟਾਵਾ ਕੇਂਦਰੀ ਵਾਤਾਵਰਣ ਤੇ ਜਲਵਾਯੂ ਮੰਤਰੀ ਸ੍ਰੀ ਅਨਿਲ ਮਾਧਵ ਦਬੇ ਨੇ ਸ਼ਹੀਦੀ ਪਾਰਕ, ਮੋਗਾ ਵਿਖੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਦੇਸ਼ ਦੇ ਮਹਾਨ ਸ਼ਹੀਦ ਕੌਮ ਦਾ ਸਰਮਾਇਆ ਹਨ ਅਤੇ ਇਹ ਨਾ ਕੇਵਲ ਸਾਡੇ ਦੇਸ਼ ਲਈ ਸਗੋਂ ਪੂਰੀ ਦੁਨੀਆਂ ਲਈ ਸਨਮਾਨ-ਜਨਕ ਹਨ ਤੇ ਉਨ੍ਹਾਂ ਦੀ ਸ਼ਹਾਦਤ ਲਾ-ਮਿਸਾਲ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਅੱਜ ਕੇਵਲ ਭਾਰਤ ਹੀ ਨਹੀਂ ਬਲਕਿ ਸਮੁੱਚਾ ਵਿਸ਼ਵ ਜਲਵਾਯੂ ਪ੍ਰੀਵਰਤਨ ਅਤੇ ਦਹਿਸ਼ਤਵਾਦ ਆਦਿ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਉਨ੍ਹਾਂ ਸਾਰੀਆਂ ਰਾਜਨੀਤਿਕ ਸ਼ਕਤੀਆਂ ਨੂੰ ਇੱਕ-ਜੁਟ ਹੋ ਕੇ ਇੰਨ੍ਹਾਂ ਸਮੱਸਿਆਵਾਂ ਤੋਂ ਦੇਸ਼ ਨੂੰ ਮੁਕਤ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਕੇਂਦਰੀ ਮੰਤਰੀ ਨੂੰ ਜ਼ਿਲ੍ਹਾ ਭਾਜਪਾ ਕਮੇਟੀ ਅਤੇ ਹੋਰ ਜੱਥੇਬੰਦੀਆਂ ਵੱਲੋਂ ਸਨਮਾਨਿਤ ਕੀਤਾ ਗਿਆ।